ਦੀਵਾਲੀ 'ਤੇ ਮਹਿੰਗਾਈ ਦੀ ਮਾਰ, ਪਿਸਤਾ 70 ਅਤੇ ਬਦਾਮ 40 ਫ਼ੀਸਦੀ ਤੱਕ ਹੋਏ ਮਹਿੰਗੇ

ਪੁਣੇ, 6 ਅਕਤੂਬਰ, (ਇੰਟ.)-ਦੀਵਾਲੀ ਤੋਂ ਪਹਿਲਾਂ ਸੁੱਕੇ ਮੇਵਿਆਂ (ਡ੍ਰਾਈਫਰੂਟਸ) ਦੀਆਂ ਕੀਮਤਾਂ 'ਚ ਭਾਰੀ ਉਛਾਲ ਨੇ ਆਮ ਲੋਕਾਂ ਦੀ ਜੇਬ 'ਤੇ ਬੋਝ ਵਧਾ ਦਿੱਤਾ ਹੈ। ਪਿਛਲੇ ਇਕ ਸਾਲ 'ਚ ਪਿਸਤੇ ਦਾ ਭਾਅ 60 ਤੋਂ 70 ਫੀਸਦੀ ਤੱਕ ਵਧ ਗਿਆ ਹੈ, ਜਦੋਂ ਕਿ ਬਦਾਮ ਵੀ 25 ਫੀਸਦੀ ਤੱਕ ਮਹਿੰਗਾ ਹੋਇਆ ਹੈ। ਕਾਜੂ, ਕਿਸ਼ਮਿਸ਼, ਖਜੂਰ ਅਤੇ ਅੰਜੀਰ ਦੀਆਂ ਕੀਮਤਾਂ 'ਚ ਵੀ ਵਾਧਾ ਦਰਜ ਕੀਤਾ ਗਿਆ ਹੈ। ਈਰਾਨ ਅਤੇ ਅਫ਼ਗਾਨਿਸਤਾਨ ਤੋਂ ਸਪਲਾਈ 'ਚ ਕਮੀ, ਅੰਤਰਰਾਸ਼ਟਰੀ ਬਾਜ਼ਾਰ 'ਚ ਉਤਪਾਦਨ ਘਟਣ, ਮਾਲ ਢੁਆਈ ਮਹਿੰਗੀ ਹੋਣ ਅਤੇ ਰੁਪਏ ਦੀ ਕਮਜ਼ੋਰੀ ਕਾਰਨ ਇੰਪੋਰਟ ਲਾਗਤ ਵਧੀ ਹੈ। ਤਿਉਹਾਰੀ ਮੰਗ 'ਚ ਤੇਜ਼ੀ ਨੂੰ ਦੇਖਦਿਆਂ ਕਾਰੋਬਾਰੀਆਂ ਨੇ ਕੀਮਤਾਂ 'ਚ ਹੋਰ ਵਾਧੇ ਦਾ ਖਦਸ਼ਾ ਪ੍ਰਗਟਾਇਆ ਹੈ।

ਪਿਸਤੇ ਅਤੇ ਬਦਾਮ ਨੇ ਵਿਗਾੜਿਆ ਬਜਟ

ਪਿਛਲੀ ਦੀਵਾਲੀ ਦੀ ਤੁਲਨਾ 'ਚ ਛਿਲਕੇ ਵਾਲੇ ਪਿਸਤੇ ਦੀਆਂ ਕੀਮਤਾਂ 'ਚ 60 ਤੋਂ 70 ਫੀਸਦੀ ਤੱਕ ਉਛਾਲ ਆਇਆ ਹੈ। ਬਦਾਮ ਦੀਆਂ ਵੱਖ-ਵੱਖ ਕਿਸਮਾਂ 20 ਤੋਂ 40 ਫੀਸਦੀ ਤੱਕ ਮਹਿੰਗੀਆਂ ਹੋਈਆਂ ਹਨ। ਉੱਥੇ ਹੀ ਕਾਜੂ ਦੇ ਭਾਅ 5 ਤੋਂ 8 ਫੀਸਦੀ, ਕਿਸ਼ਮਿਸ਼ ਦੇ 2 ਤੋਂ 5 ਫੀਸਦੀ, ਖਜੂਰ ਦੇ 5 ਤੋਂ 10 ਫੀਸਦੀ ਅਤੇ ਅੰਜੀਰ ਦੇ ਭਾਅ 5 ਤੋਂ 15 ਫੀਸਦੀ ਤੱਕ ਵਧੇ ਹਨ। ਭਾਰਤੀ ਮਠਿਆਈਆਂ 'ਚ ਇਸਤੇਮਾਲ ਹੋਣ ਵਾਲੇ ਪਿਸ਼ਾਵਰੀ ਪਿਸਤੇ ਦਾ ਭਾਅ ਵੀ ਪਿਛਲੇ 6 ਮਹੀਨਿਆਂ 'ਚ ਤਕਰੀਬਨ 40 ਫੀਸਦੀ ਵਧ ਕੇ 4,000 ਰੁਪਏ ਪ੍ਰਤੀ ਕਿੱਲੋ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ।

ਮਹਿੰਗੀ ਢੁਆਈ ਅਤੇ ਕਮਜ਼ੋਰ ਰੁਪਏ ਦਾ ਅਸਰ : ਭਾਰਤ 'ਚ ਖਜੂਰ ਦੀ ਵੱਡੀ ਮਾਤਰਾ ਪੱਛਮੀ ਏਸ਼ੀਆ ਤੋਂ ਆਉਂਦੀ ਹੈ। ਮਾਲ ਢੁਆਈ ਦਾ ਖਰਚਾ ਵਧਣ ਨਾਲ ਇਸ ਦੀਆਂ ਕੀਮਤਾਂ 'ਤੇ ਵੀ ਅਸਰ ਪਿਆ ਹੈ। ਸੁੱਕੇ ਮੇਵਿਆਂ ਦੀ ਕੰਪਨੀ 'ਕਲਾਸ ਅਲਜੋਨ' ਦੇ ਮੈਨੇਜਿੰਗ ਡਾਇਰੈਕਟਰ ਰਵਿੰਦਰ ਮਹਿਤਾ ਦੇ ਮੁਤਾਬਕ ਭੂ-ਰਾਜਨੀਤਕ ਹਾਲਾਤ ਕਾਰਨ ਪਿਛਲੇ ਕੁਝ ਮਹੀਨਿਆਂ 'ਚ ਕੀਮਤਾਂ 'ਚ ਜ਼ਿਕਰਯੋਗ ਤੇਜ਼ੀ ਆਈ ਹੈ।

ਈਰਾਨ-ਅਫ਼ਗਾਨਿਸਤਾਨ ਤੋਂ ਸਪਲਾਈ ਪ੍ਰਭਾਵਿਤ

ਇੰਪੋਰਟਰਾਂ ਮੁਤਾਬਕ ਈਰਾਨ ਅਤੇ ਅਫ਼ਗਾਨਿਸਤਾਨ ਤੋਂ ਸੁੱਕੇ ਮੇਵਿਆਂ ਦੀ ਖਰੀਦ ਅਤੇ ਸਪਲਾਈ 'ਚ ਮੁਸ਼ਕਲਾਂ ਵਧੀਆਂ ਹਨ। ਪੱਛਮੀ ਏਸ਼ੀਆ 'ਚ ਭੂ-ਰਾਜਨੀਤਕ ਤਣਾਅ ਅਤੇ ਜੰਗ ਦੀ ਸਥਿਤੀ ਨੇ ਕਾਰੋਬਾਰ ਨੂੰ ਪ੍ਰਭਾਵਿਤ ਕੀਤਾ ਹੈ। ਛਿਲਕੇ ਵਾਲੇ ਪਿਸਤੇ ਦਾ ਥੋਕ ਭਾਅ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ 74 ਫੀਸਦੀ ਵਧ ਕੇ 1,650 ਰੁਪਏ ਪ੍ਰਤੀ ਕਿੱਲੋ ਹੋ ਗਿਆ ਹੈ। ਕਾਰੋਬਾਰੀਆਂ ਦਾ ਕਹਿਣਾ ਹੈ ਕਿ ਕੀਮਤਾਂ 'ਚ ਤੇਜ਼ੀ ਲੰਬੇ ਸਮੇਂ ਤੋਂ ਜਾਰੀ ਸੀ ਪਰ ਪਿਛਲੇ ਦੋ ਮਹੀਨਿਆਂ 'ਚ ਇਸ 'ਚ ਜ਼ਿਆਦਾ ਉਛਾਲ ਆਇਆ ਹੈ।

ਕੈਲੀਫੋਰਨੀਆ ਦੇ ਬਦਾਮ ਦੀ ਨਵੀਂ ਫ਼ਸਲ ਨੂੰ ਲੈ ਕੇ ਵਧੀ ਚਿੰਤਾ

ਅਮਰੀਕਾ ਤੋਂ ਆਉਣ ਵਾਲੇ ਕੈਲੀਫੋਰਨੀਆ ਦੇ ਬਦਾਮ ਦੀ ਖੇਪ ਵੀ ਦੇਰੀ ਨਾਲ ਪਹੁੰਚ ਰਹੀ ਹੈ। ਇੰਪੋਰਟਰਾਂ ਅਨੁਸਾਰ ਸ਼ਿਪਿੰਗ ਕੰਪਨੀਆਂ ਭਾਰਤ ਦੇ ਮੁਕਾਬਲੇ ਵੱਧ ਮਾਲ ਢੁਆਈ ਦਰ ਦੇਣ ਵਾਲੇ ਚੀਨ ਨੂੰ ਪਹਿਲ ਦੇ ਰਹੀਆਂ ਹਨ। ਇਸ ਤੋਂ ਇਲਾਵਾ ਖਾਦਾਂ ਦੇ ਘੱਟ ਇਸਤੇਮਾਲ ਕਾਰਨ ਕੈਲੀਫੋਰਨੀਆ 'ਚ ਬਦਾਮ ਦੀ ਨਵੀਂ ਫ਼ਸਲ ਪਹਿਲਾਂ ਦੇ ਅਨੁਮਾਨ ਨਾਲੋਂ ਕਾਫ਼ੀ ਘੱਟ ਰਹਿਣ ਦਾ ਅੰਦਾਜ਼ਾ ਹੈ। ਇਸ ਨਾਲ ਆਉਣ ਵਾਲੇ ਸਮੇਂ 'ਚ ਸਪਲਾਈ 'ਤੇ ਦਬਾਅ ਅਤੇ ਕੀਮਤਾਂ 'ਚ ਵਾਧੇ ਦੀ ਸੰਭਾਵਨਾ ਬਣੀ ਹੋਈ ਹੈ।

ਜੀ. ਐੱਸ. ਟੀ. ਘਟਿਆ, ਫਿਰ ਵੀ ਰਾਹਤ ਨਹੀਂ

ਸਤੰਬਰ, 2025 'ਚ ਸੁੱਕੇ ਮੇਵਿਆਂ 'ਤੇ ਵਸਤੂ ਅਤੇ ਸੇਵਾ ਕਰ (ਜੀ. ਐੱਸ. ਟੀ.) ਦੀ ਦਰ 12 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤੀ ਗਈ ਸੀ। ਇਸ ਦੇ ਬਾਵਜੂਦ ਗਾਹਕਾਂ ਨੂੰ ਕੀਮਤਾਂ 'ਚ ਰਾਹਤ ਨਹੀਂ ਮਿਲੀ। ਨਟਸ ਐਂਡ ਡ੍ਰਾਈਫਰੂਟਸ ਕਾਊਂਸਲ ਇੰਡੀਆ ਦੇ ਪ੍ਰਧਾਨ ਗੁੰਜਨ ਜੈਨ ਮੁਤਾਬਕ ਬਦਾਮ, ਪਿਸਤਾ, ਕਿਸ਼ਮਿਸ਼ ਅਤੇ ਅਖਰੋਟ ਸਮੇਤ ਲੱਗਭਗ ਸਾਰੇ ਸੁੱਕੇ ਮੇਵਿਆਂ ਦੇ ਭਾਅ ਹੁਣ ਤੱਕ ਦੇ ਉੱਚਤਮ ਪੱਧਰ 'ਤੇ ਪਹੁੰਚ ਗਏ ਹਨ।

ਦਫਤਰ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ
ਇਤਰਾਜ਼ ਮੰਗਣ ਦਾ ਇਸ਼ਤਿਹਾਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਫਲੈਟ ਨੰ. 54-ਜੀ ਐੱਫ (ਐੱਚ. ਆਈ. ਜੀ.) ਵਾਕਿਆ 340 ਏਕੜ, ਬਲਾਕ-ਬੀ, (ਨਿਊ ਅੰਮ੍ਰਿਤਸਰ) ਸਕੀਮ, ਅੰਮ੍ਰਿਤਸਰ ਸ/ਸ੍ਰੀ ਸੰਜੀਵ ਸ਼ਰਮਾ ਪੁੱਤਰ ਜਗਦੀਸ਼ ਚੰਦਰ ਸ਼ਰਮਾ ਦੇ ਨਾਮ 'ਤੇ ਲੱਕੀ ਡਰਾਅ ਮਿਤੀ 16.01.2006 ਰਾਹੀਂ ਵੇਚਿਆ ਗਿਆ ਸੀ ਅਤੇ ਅਲਾਟਮੈਂਟ ਪੱਤਰ ਟਰੱਸਟ ਦਫਤਰ ਦੇ ਪੱਤਰ ਨੰ. ਏ.ਆਈ.ਟੀ/ਐੱਸ.ਐੱਸ./15520 ਮਿਤੀ 28.03.2006 ਰਾਹੀਂ ਜਾਰੀ ਕੀਤਾ ਗਿਆ ਸੀ ਅਤੇ ਇਕਰਾਰਨਾਮਾ ਵਿਕਰੀ ਮਿਤੀ 07.12.2007 ਰਾਹੀਂ ਅਲਾਟੀ ਅਤੇ ਟਰੱਸਟ ਦਫਤਰ ਨਾਲ ਕੀਤਾ ਗਿਆ ਸੀ। ਇਸ ਉਪਰੰਤ ਉਕਤ ਫਲੈਟ ਟਰੱਸਟ ਦਫਤਰ ਦੇ ਪੱਤਰ ਨੰ ਏ. ਆਈ. ਟੀ/ ਐੱਸ. ਐੱਸ/3233-34, ਮਿਤੀ 11/9/2008 ਰਾਹੀਂ ਅਗਾਂਹ ਸ੍ਰੀ ਅਮੀ ਚੰਦ ਸ਼ਰਮਾ ਪੁੱਤਰ ਲੇਟ ਸ੍ਰੀ ਕਾਸ਼ਾ ਰਾਮ ਅਤੇ ਸ੍ਰੀਮਤੀ ਬਿਮਲਾ ਸ਼ਰਮਾ ਪਤਨੀ ਸ੍ਰੀ ਅਮੀ ਚੰਦ ਸ਼ਰਮਾ ਦੇ ਨਾਮ 'ਤੇ ਟਰਾਂਸਫਰ ਕੀਤਾ ਗਿਆ ਸੀ।

ਹੁਣ ਪ੍ਰਾਰਥੀਆਂ ਸ/ਸ੍ਰੀ/ਸ੍ਰੀਮਤੀ ਬਿਮਲਾ ਸ਼ਰਮਾ ਪਤਨੀ ਲੇਟ ਅਮੀ ਚੰਦ ਸ਼ਰਮਾ, ਪੂਨਮ ਸ਼ਰਮਾ, ਸੰਜੇ ਸ਼ਰਮਾ ਅਤੇ ਕਿਰਨ ਸ਼ਰਮਾ ਪੁੱਤਰੀਆਂ/ਪੁੱਤਰ ਲੇਟ ਅਮੀ ਚੰਦ ਸ਼ਰਮਾ ਰਾਹੀਂ ਮੁਖਤਾਰਆਮ ਬਿਮਲਾ ਸ਼ਰਮਾ ਵੱਲੋਂ ਟਰੱਸਟ ਦਫਤਰ ਵਿਖੇ ਬੇਨਤੀ ਕੀਤੀ ਗਈ ਹੈ ਕਿ ਉਕਤ ਫਲੈਟ ਦੇ ਖਰੀਦਦਾਰ (1/2 ਹਿੱਸਾ) ਲੇਟ ਸ੍ਰੀ ਅਮੀ ਚੰਦ ਦੀ ਮੌਤ ਮਿਤੀ 5/12/2017 ਨੂੰ ਹੋ ਚੁੱਕੀ ਹੈ। ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ (ਐੱਮ.ਏ. ਬ੍ਰਾਂਚ) ਵੱਲੋਂ ਆਪਣੇ ਪੱਤਰ ਨੰ. ਐੱਮ. ਏ.-1 (2) 506 ਮਿਤੀ 26/9/2024 ਅਨੁਸਾਰ ਸ/ਸ੍ਰੀ/ਸ੍ਰੀਮਤੀ ਬਿਮਲਾ ਸ਼ਰਮਾ (ਪਤਨੀ), ਪੂਨਮ ਸ਼ਰਮਾ, ਸੰਜੇ ਸ਼ਰਮਾ ਅਤੇ ਕਿਰਨ ਸ਼ਰਮਾ (ਪੁੱਤਰੀਆਂ/ਪੁੱਤਰ) ਨੂੰ ਲੇਟ ਅਮੀ ਚੰਦ ਸ਼ਰਮਾ ਦੇ ਪਰਿਵਾਰਕ ਮੈਂਬਰ ਤਸਦੀਕ ਕੀਤਾ ਗਿਆ ਹੈ। ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੇ ਉਕਤ ਪੱਤਰ ਸੁਵਿਧਾ ਕੇਂਦਰ ਤੋਂ ਤਸਦੀਕਸ਼ੁਦਾ ਹਲਫੀਆ ਬਿਆਨ, ਜ਼ਮਾਨਤਨਾਮਾ ਆਦਿ ਦੇ ਆਧਾਰ 'ਤੇ ਪ੍ਰਾਰਥੀਆਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਮ੍ਰਿਤਕ ਲੇਟ ਸ੍ਰੀ ਅਮੀ ਚੰਦ ਸ਼ਰਮਾ ਦੇ ਉਕਤ ਫਲੈਟ (1/2 ਹਿੱਸੇ) ਦਾ ਵਾਰਸ ਮੰਨ ਲਿਆ ਜਾਵੇ।

ਜੇਕਰ ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੇ ਉਕਤ ਪੱਤਰ ਅਤੇ ਪ੍ਰਾਰਥੀਆਂ ਵੱਲੋਂ ਪੇਸ਼ ਕੀਤੇ ਗਏ ਤਸਦੀਕਸ਼ੁਦਾ ਹਲਫੀਆ ਬਿਆਨ ਅਤੇ ਜ਼ਮਾਨਤਨਾਮਾ ਦੇ ਆਧਾਰ 'ਤੇ ਸ/ਸ੍ਰੀ/ਸ੍ਰੀਮਤੀ ਬਿਮਲਾ ਸ਼ਰਮਾ (ਪਤਨੀ), ਪੂਨਮ ਸ਼ਰਮਾ, ਸੰਜੇ ਸ਼ਰਮਾ ਅਤੇ ਕਿਰਨ ਸ਼ਰਮਾ (ਪੁੱਤਰੀਆਂ/ਪੁੱਤਰ) ਨੂੰ ਲੇਟ ਅਮੀ ਚੰਦ ਸ਼ਰਮਾ ਦੀ ਮੌਤ ਉਪਰੰਤ ਉਕਤ ਫਲੈਟ (1/2 ਹਿੱਸੇ) ਦਾ ਵਾਰਸ ਮੰਨੇ ਜਾਣ 'ਤੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਚੇਅਰਮੈਨ, ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਨੂੰ ਪੁਖਤਾ ਸਬੂਤਾਂ ਸਮੇਤ ਪੇਸ਼ ਕਰੇ। ਮਿੱਥੇ ਸਮੇਂ ਦੇ ਅੰਦਰ-ਅੰਦਰ ਕੋਈ ਇਤਰਾਜ਼ ਨਾ ਆਉਣ ਦੀ ਸੂਰਤ ਵਿਚ ਉਕਤ ਪ੍ਰਾਰਥੀਆਂ/ਬਿਨੈਕਾਰਾਂ ਨੂੰ ਲੇਟ ਅਮੀ ਚੰਦ ਸ਼ਰਮਾ ਦੇ ਉਕਤ ਫਲੈਟ ਨੰ. 54-ਜੀ. ਐੱਫ. (ਐੱਚ. ਆਈ. ਜੀ.) (1/2 ਹਿੱਸੇ) ਵਾਕਿਆ 340 ਏਕੜ (ਨਿਊ ਅੰਮ੍ਰਿਤਸਰ) ਸਕੀਮ, ਅੰਮ੍ਰਿਤਸਰ ਦਾ ਵਾਰਸ ਮੰਨ ਲਿਆ ਜਾਵੇਗਾ।

ਕਾਰਜ ਸਾਧਕ ਅਫਸਰ,
ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ।

ਅਮਰੀਕਾ 'ਚ ਸਾਬਕਾ ਫੌਜੀ ਨੂੰ ਗੋਲੀ ਮਾਰ ਕੇ ਦਿੱਤੀ ਜਾਵੇਗੀ ਮੌਤ ਦੀ ਸਜ਼ਾ

ਟੈਕਸਾਸ, 6 ਅਕਤੂਬਰ (ਏਜੰਸੀ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਅਮਰੀਕੀ ਫੌਜੀ ਨਿਦਾਲ ਹਸਨ ਨੂੰ ਗੋਲੀ ਮਾਰ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਹੈ। ਪੈਂਟਾਗਨ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।



ਜੇਕਰ ਹਸਨ ਦੀ ਸਜ਼ਾ ਲਾਗੂ ਹੁੰਦੀ ਹੈ ਤਾਂ ਉਹ 1961 ਤੋਂ ਬਾਅਦ ਅਮਰੀਕੀ ਫ਼ੌਜੀ ਨਿਆਂ ਪ੍ਰਣਾਲੀ ਦੇ ਤਹਿਤ ਮੌਤ ਦੀ ਸਜ਼ਾ ਪਾਉਣ ਵਾਲਾ ਪਹਿਲਾ ਵਿਅਕਤੀ ਹੋਵੇਗਾ। ਫ਼ੌਜੀ ਪ੍ਰਣਾਲੀ 'ਚ ਆਖ਼ਰੀ ਵਾਰ ਪ੍ਰਾਈਵੇਟ ਜਾਨ ਏ. ਬੈਨੇਟ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਹਸਨ ਨੇ 2009 'ਚ ਟੈਕਸਾਸ ਦੇ ਫ਼ੌਜੀ ਅੱਡੇ 'ਤੇ ਧਾਰਮਿਕ ਨਾਅਰਾ ਲਾਉਂਦਿਆਂ ਗੋਲੀਬਾਰੀ ਕੀਤੀ ਸੀ, ਜਿਸ 'ਚ 13 ਲੋਕਾਂ ਦੀ ਮੌਤ ਹੋ ਗਈ ਸੀ।

5 ਨਵੰਬਰ 2009 ਨੂੰ ਫ਼ੌਜ ਦਾ ਮਨੋਵਿਗਿਆਨੀ ਮੇਜਰ ਨਿਦਾਲ ਹਸਨ ਨਿੱਜੀ ਪਿਸਤੌਲ ਲੈ ਕੇ ਫੋਰਡ ਹੁਡ ਫ਼ੌਜੀ ਅੱਡੇ ਪਹੁੰਚਿਆ ਅਤੇ ਫੌਜੀਆਂ ਤੇ ਹੋਰ ਲੋਕਾਂ 'ਤੇ ਅਚਾਨਕ ਗੋਲੀਬਾਰੀ ਕਰ ਦਿੱਤੀ। ਇਹ ਅਮਰੀਕੀ ਫ਼ੌਜੀ ਅੱਡੇ 'ਤੇ ਹੋਈ ਸਭ ਤੋਂ ਘਾਤਕ ਸਮੂਹਿਕ ਗੋਲੀਬਾਰੀ ਸੀ। ਉਸ ਸਮੇਂ ਅਮਰੀਕਾ ਅਫ਼ਗਾਨਿਸਤਾਨ ਅਤੇ ਇਰਾਕ 'ਚ ਯੁੱਧ ਲੜ ਰਿਹਾ ਸੀ।

ਗੋਲੀਬਾਰੀ 'ਚ ਹਸਨ ਵੀ ਜ਼ਖ਼ਮੀ ਹੋਇਆ ਅਤੇ ਉਸ ਨੂੰ ਲਕਵਾ ਹੋ ਗਿਆ। ਫ਼ੌਜੀ ਅਦਾਲਤ 'ਚ ਉਸ ਨੇ ਕਤਲਾਂ ਦੀ ਗੱਲ ਸਵੀਕਾਰ ਕੀਤੀ। 2013 'ਚ ਉਸ ਨੂੰ ਪਹਿਲਾਂ ਤੋਂ ਕਤਲ ਦੀ ਯੋਜਨਾ ਬਣਾਉਣ ਅਤੇ ਕਤਲ ਦੀ ਕੋਸ਼ਿਸ਼ ਦੇ ਕੁੱਲ 45 ਮਾਮਲਿਆਂ 'ਚ ਦੋਸ਼ੀ ਠਹਿਰਾਇਆ ਗਿਆ। ਹਸਨ ਨੇ ਹਮਲੇ 'ਤੇ ਕੋਈ ਪਛਤਾਵਾ ਨਹੀਂ ਪ੍ਰਗਟਾਇਆ। ਉਸ ਨੇ ਇੱਥੋਂ ਤੱਕ ਕਿਹਾ ਕਿ ਮੌਤ ਦੀ ਸਜ਼ਾ ਮਿਲਣ 'ਤੇ ਵੀ ਉਹ ਖ਼ੁਦ ਨੂੰ ਸ਼ਹੀਦ ਮੰਨੇਗਾ।

'ਪੰਜਾਬ ਕੇਸਰੀ' ਦੀ ਰਾਹਤ ਮੁਹਿੰਮ ਦਾ 962ਵਾਂ ਟਰੱਕ ਰਵਾਨਾ

ਜ਼ੀਰਾ ਤੋਂ ਸੁਖਦੇਵ ਸਿੰਘ ਬਿੱਟੂ ਵਿੱਜ (ਸਾਬਕਾ ਪ੍ਰਧਾਨ ਨਗਰ ਕੌਂਸਲ) ਨੇ ਭਿਜਵਾਈਆਂ 225 ਰਜਾਈਆਂ

'ਪੰਜਾਬ ਕੇਸਰੀ' ਪੱਤਰ ਸਮੂਹ ਵੱਲੋਂ ਚਲਾਈ ਜਾ ਰਹੀ ਰਾਹਤ ਮੁਹਿੰਮ ਤਹਿਤ ਜੰਮੂ-ਕਸ਼ਮੀਰ ਦੇ ਸਰਹੱਦੀ ਖੇਤਰਾਂ 'ਚ ਰਹਿਣ ਵਾਲੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਰਾਹਤ ਸਮੱਗਰੀ ਦਾ ਇਕ ਟਰੱਕ ਭੇਟ ਕੀਤਾ ਗਿਆ। ਇਹ ਟਰੱਕ ਜ਼ੀਰਾ ਤੋਂ ਸੁਖਦੇਵ ਸਿੰਘ ਬਿੱਟੂ ਵਿੱਜ (ਸਾਬਕਾ ਪ੍ਰਧਾਨ ਨਗਰ ਕੌਂਸਲ) ਨੇ ਭਿਜਵਾਇਆ, ਜਿਸ 'ਚ 225 ਪਰਿਵਾਰਾਂ ਲਈ ਰਜਾਈਆਂ ਸਨ।
ਟਰੱਕ ਰਵਾਨਾ ਕਰਦੇ ਵਿਜੇ ਚੋਪੜਾ ਦੇ ਨਾਲ ਸੁਖਦੇਵ ਸਿੰਘ ਬਿੱਟੂ ਵਿੱਜ, ਰਾਜੇਂਦਰ ਵਿੱਜ, ਜੌਟੀ ਵਿੱਜ, ਵਰਦਾਨ ਵਿੱਜ, ਅਕਾਲੀ ਆਗੂ ਹਰਪ੍ਰੀਤ ਸਿੰਘ ਹੀਰੋ, ਪ੍ਰਤੀਨਿਧੀ ਦਵਿੰਦਰ ਸਿੰਘ ਅਕਾਲੀਆਂਵਾਲਾ, ਪਰਗਟ ਸਿੰਘ ਭੁੱਲਰ, ਵਰਿੰਦਰ ਸ਼ਰਮਾ, ਇਕਬਾਲ ਸਿੰਘ ਅਰਨੇਜਾ ਤੇ ਹੋਰ।

ਫ੍ਰਾਂਸਿਸ ਹੈਲਜੇਨ ਨੂੰ ਭੌਤਿਕ ਵਿਗਿਆਨ 'ਚ ਮਿਲਿਆ ਨੋਬਲ ਪੁਰਸਕਾਰ

ਸਟਾਕਹੋਮ, 6 ਅਕਤੂਬਰ (ਏਜੰਸੀ)-ਫ੍ਰਾਂਸਿਸ ਹੈਲਜੇਨ ਨੂੰ ਖਗੋਲ-ਭੌਤਿਕੀ ਘਟਨਾ ਤੋਂ ਪੈਦਾ ਹੋਣ ਵਾਲੇ ਉੱਚ-ਊਰਜਾ ਵਾਲੇ 'ਨਿਊਟ੍ਰੀਨੋ' ਦੀ ਖੋਜ ਅਤੇ ਆਈਸਕਿਊਬ ਨਿਊਟ੍ਰੀਨੋ ਅਬਜ਼ਰਵੇਟਰੀ 'ਚ ਯੋਗਦਾਨ ਲਈ ਮੰਗਲਵਾਰ ਨੂੰ ਸਾਲ 2026 ਦੇ ਭੌਤਿਕ ਵਿਗਿਆਨ ਦੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 'ਨਿਊਟ੍ਰੀਨੋ' ਇਕ ਬਹੁਤ ਹੀ ਛੋਟਾ ਅਤੇ ਹਲਕਾ ਬੁਨਿਆਦੀ ਕਣ ਹੈ, ਜਿਸ ਦਾ ਕੋਈ ਬਿਜਲਈ ਚਾਰਜ ਨਹੀਂ ਹੁੰਦਾ।

'ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸਿਜ਼' ਨੇ ਸਟਾਕਹੋਮ 'ਚ ਭੌਤਿਕ ਵਿਗਿਆਨ ਦੇ ਨੋਬਲ ਪੁਰਸਕਾਰ ਜੇਤੂ ਦੇ ਨਾਂ ਦਾ ਐਲਾਨ ਕੀਤਾ। ਇਸ ਸਾਲ ਪੁਰਸਕਾਰ ਦੀ ਰਕਮ 1.2 ਕਰੋੜ ਸਵੀਡਿਸ਼ ਕਰੋਨਰ (ਲੱਗਭਗ 12 ਲੱਖ ਅਮਰੀਕੀ ਡਾਲਰ) ਰੱਖੀ ਗਈ ਹੈ, ਭਾਵੇਂ ਇਹ ਕਿਸੇ ਇਕ ਵਿਅਕਤੀ, ਜੇਤੂਆਂ ਦੇ ਛੋਟੇ ਸਮੂਹ ਜਾਂ ਕਿਸੇ ਸੰਗਠਨ ਨੂੰ ਦਿੱਤੀ ਜਾਵੇ। ਪਿਛਲੇ ਸਾਲ 3 ਵਿਗਿਆਨੀਆਂ ਨੂੰ 'ਕੁਆਂਟਮ ਟਨਲਿੰਗ' ਨਾਂ ਦੇ ਉਪ-ਪ੍ਰਮਾਣੂ ਕਣਾਂ ਦੇ ਅਜੀਬ ਵਿਵਹਾਰ 'ਤੇ ਕੀਤੀ ਗਈ ਖੋਜ ਲਈ ਭੌਤਿਕ ਵਿਗਿਆਨ ਦੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਸ੍ਰੀਲੰਕਾ 'ਚ ਜੂਆ ਖੇਡਣ ਦੇ ਦੋਸ਼ 'ਚ 8 ਭਾਰਤੀ ਗ੍ਰਿਫ਼ਤਾਰ

ਕੋਲੰਬੋ, 6 ਅਕਤੂਬਰ (ਏਜੰਸੀ)-ਸ੍ਰੀਲੰਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਆਨਲਾਈਨ ਜੂਆ ਖੇਡਣ ਦੇ ਦੋਸ਼ 'ਚ 8 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਮੁਲਜ਼ਮਾਂ ਦੀ ਉਮਰ 22 ਤੋਂ 51 ਸਾਲ ਦੇ ਵਿਚਕਾਰ ਹੈ। ਥਲਾਵਥੁਗੋਡਾ ਸਥਿਤ ਇਕ ਮਕਾਨ 'ਚ ਜੂਆ ਖੇਡੇ ਜਾਣ ਦੀ ਸੂਚਨਾ ਮਿਲਣ ਤੋਂ ਬਾਅਦ ਕੋਲੰਬੋ ਦੇ ਉਪਨਗਰੀ ਇਲਾਕੇ ਥਲੰਗਾਮਾ ਦੀ ਪੁਲਸ ਨੇ ਐਤਵਾਰ ਨੂੰ ਛਾਪਾ ਮਾਰਿਆ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ।

ਇਟਲੀ : ਹਾਈਵੇਅ-14 'ਤੇ ਹਥਿਆਰਬੰਦ ਲੁਟੇਰਿਆਂ ਵਲੋਂ ਕੈਸ਼ ਵੈਨ ਲੁੱਟਣ ਦੀ ਕੋਸ਼ਿਸ਼

ਰੋਮ, 6 ਅਕਤੂਬਰ (ਦਲਵੀਰ ਕੈਂਥ)- ਇਟਲੀ ਦੇ ਹਾਈਵੇਅ-14 (ਏ14 ਮੋਟਰਵੇਅ) 'ਤੇ ਬੀਤੇ ਦਿਨ ਫੋਜਾ ਅਤੇ ਚੇਰੀਨਿਓਲਾ ਇੰਡਸਟਰੀਅਲ ਜ਼ੋਨ ਨੇੜੇ ਦੁਪਹਿਰ ਲੱਗਭਗ 13:30 ਵਜੇ ਇਕ ਸਨਸਨੀਖੇਜ਼ ਘਟਨਾ ਸਾਹਮਣੇ ਆਈ ਹੈ। ਹਥਿਆਰਬੰਦ ਨਕਾਬਪੋਸ਼ ਲੁਟੇਰਿਆਂ ਨੇ ਬੈਂਕ ਦਾ ਕੈਸ਼ ਲੈ ਕੇ ਜਾ ਰਹੀ 'ਬੈਟੀਸਟੋਲੀ' ਕੰਪਨੀ ਦੀ ਵੈਨ ਨੂੰ ਲੁੱਟਣ ਦੀ ਅਸਫਲ ਕੋਸ਼ਿਸ਼ ਕੀਤੀ।

ਲੁਟੇਰਿਆਂ ਨੇ ਘਟਨਾ ਨੂੰ ਪੂਰੇ ਫਿਲਮੀ ਅੰਦਾਜ਼ 'ਚ ਅੰਜਾਮ ਦਿੱਤਾ। ਪੁਲਸ ਅਤੇ ਪ੍ਰਸ਼ਾਸਨਿਕ ਮਦਦ ਨੂੰ ਮੌਕੇ 'ਤੇ ਪਹੁੰਚਣ ਤੋਂ ਰੋਕਣ ਲਈ ਉਨ੍ਹਾਂ ਨੇ ਹਾਈਵੇਅ 'ਤੇ ਕਈ ਗੱਡੀਆਂ ਨੂੰ ਅੱਗ ਲਾ ਦਿੱਤੀ ਅਤੇ ਸੜਕ ਉੱਤੇ ਮੇਖਾਂ ਖਿਲਾਰ ਦਿੱਤੀਆਂ, ਤਾਂ ਜੋ ਪਿੱਛਾ ਕਰਨ ਵਾਲੇ ਵਾਹਨਾਂ ਦੇ ਟਾਇਰ ਪੈਂਚਰ ਹੋ ਜਾਣ।

ਡਕੈਤੀ ਦੌਰਾਨ ਲੁਟੇਰਿਆਂ ਵੱਲੋਂ ਕਈ ਰਾਊਂਡ ਗੋਲੀਆਂ ਵੀ ਚਲਾਈਆਂ ਗਈਆਂ ਪਰ ਵੈਨ ਵਿਚ ਮੌਜੂਦ ਸੁਰੱਖਿਆ ਗਾਰਡਾਂ ਦੀ ਚੌਕਸੀ ਕਾਰਨ ਉਹ ਕੈਸ਼ ਲੁੱਟਣ ਵਿਚ ਨਾਕਾਮ ਰਹੇ ਅਤੇ ਫਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਲਈ ਅਤੇ ਟੋਲ ਪਲਾਜ਼ਾ ਅਤੇ ਮੋਟਰਵੇਅ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਘਾਲ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਲੁਟੇਰਿਆਂ ਵਲੋਂ ਹਾਈਵੇਅ 'ਤੇ ਵਾਹਨਾਂ ਨੂੰ ਲਾਈ ਗਈ ਅੱਗ।

ਬੈਂਕ ਆਫ ਬੜੌਦਾ Bank of Baroda
ਬੈਂਕ ਆਫ ਬੜੌਦਾ, 16-ਡੀ, ਕੈਲੀਬਰ ਮਾਰਕੀਟ, ਪਟਿਆਲਾ ਰੋਡ, ਰਾਜਪੁਰਾ

ਕਬਜ਼ਾ ਨੋਟਿਸ [ਰੂਲ-8(1)] (ਅਚੱਲ ਜਾਇਦਾਦ)

ਜਿਵੇਂ ਕਿ ਨਿਮਨਹਸਤਾਖਰੀ ਨੇ ਬੈਂਕ ਆਫ ਬੜੌਦਾ ਦੇ ਅਧਿਕਾਰਤ ਅਫਸਰ ਵਜੋਂ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਤਹਿਤ ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ-3 ਨਾਲ ਪੜ੍ਹੀ ਜਾਂਦੀ ਧਾਰਾ-13(12) ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਮਿਤੀ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਕਰਜ਼ਦਾਰ (ਾਂ)/ਗਾਰੰਟਰ (ਾਂ)/ਮਾਰਟਗੇਜਰ (ਾਂ) ਨੂੰ ਨੋਟਿਸ ਵਿਚ ਦੱਸੀ ਰਕਮ ਤੇ ਉਸ ਉੱਪਰ ਵਿਆਜ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਦੇ 60 ਦਿਨਾਂ ਅੰਦਰ ਚੁਕਾਉਣ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ/ਗਾਰੰਟਰ/ਮਾਰਟਗੇਜਰ ਰਕਮ ਚੁਕਾਉਣ 'ਚ ਅਸਫਲ ਰਹੇ ਹਨ। ਇਸ ਲਈ ਕਰਜ਼ਦਾਰ (ਾਂ)/ਗਾਰੰਟਰ (ਾਂ)/ਮਾਰਟਗੇਜਰ (ਾਂ) ਨੂੰ ਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ-8 ਨਾਲ ਪੜ੍ਹੀ ਜਾਂਦੀ ਦੱਸੇ ਐਕਟ ਦੀ ਧਾਰਾ-13 (4) ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ (ਾਂ) ਦਾ ਕਬਜ਼ਾ ਦੱਸੀ ਮਿਤੀ ਨੂੰ ਲੈ ਲਿਆ ਹੈ।

ਕਰਜ਼ਦਾਰ (ਾਂ)/ਗਾਰੰਟਰ (ਾਂ)/ਮਾਰਟਗੇਜਰ (ਾਂ) ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਹੇਠਾਂ ਦੱਸੀ ਜਾਇਦਾਦ ਨਾਲ ਲੈਣ-ਦੇਣ ਨਾ ਕੀਤਾ ਜਾਵੇ ਅਤੇ ਜਾਇਦਾਦ (ਾਂ) ਸਬੰਧੀ ਕੋਈ ਵੀ ਲੈਣ-ਦੇਣ ਹੋਣ 'ਤੇ ਰਕਮ ਤੇ ਉਸ ਉੱਪਰ ਵਿਆਜ ਲਈ ਬੈਂਕ ਆਫ ਬੜੌਦਾ ਦਾ ਚਾਰਜ ਲੱਗੇਗਾ।

ਕਰਜ਼ਦਾਰ (ਾਂ)/ਗਾਰੰਟਰ (ਾਂ) ਦਾ ਧਿਆਨ ਸਕਿਓਰਡ ਅਸਾਸਿਆਂ ਨੂੰ ਛੁਡਾਉਣ ਲਈ ਉਨ੍ਹਾਂ ਨੂੰ ਮਿਲੇ ਸਮੇਂ ਸਬੰਧੀ ਐਕਟ ਦੀ ਧਾਰਾ-13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ (ਾਂ)/ਗਾਰੰਟਰ (ਾਂ) ਦਾ ਨਾਂ	ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਦੇਣਯੋਗ ਰਕਮ
ਸ਼੍ਰੀ ਗੌਤਮ ਕੁਮਾਰ ਅਗਰਵਾਲ ਪੁੱਤਰ ਸ਼੍ਰੀ ਅਸ਼ੋਕ ਕੁਮਾਰ ਅਤੇ ਸ਼੍ਰੀਮਤੀ ਇੰਦੂ ਪਤਨੀ ਗੌਤਮ ਕੁਮਾਰ ਅਗਰਵਾਲ।	ਮਕਾਨ ਨੰ. 11-ਡੀ, ਨਵਾਂ ਮਕਾਨ ਨੰ. 194, ਪੈਮਾਇਸ਼ 61.36 ਵਰਗ ਗਜ਼ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਜੋ ਡਾਲਮੀਆ ਵਿਹਾਰ, ਰਾਜਪੁਰਾ ਵਿਖੇ ਸਥਿਤ ਹੈ ਅਤੇ ਰਜਿਸਟਰਡ ਟਰਾਂਸਫਰ ਡੀਡ ਵਸੀਕਾ ਨੰ. 3823 ਮਿਤੀ 15.12.2016 ਅਨੁਸਾਰ ਰਾਜਪੁਰਾ ਦੀ ਰੈਵੇਨਿਊ ਅਸਟੇਟ 'ਚ ਸ਼੍ਰੀਮਤੀ ਇੰਦੂ ਪੁੱਤਰੀ ਸ਼੍ਰੀ ਰਘੁਨਾਥ ਸਹਾਏ ਪਤਨੀ ਸ਼੍ਰੀ ਗੌਤਮ ਕੁਮਾਰ ਅਗਰਵਾਲ ਦੇ ਹੱਕ ਵਿਚ ਮੌਜੂਦ ਹੈ। ਹੱਦਬੰਦੀ—ਪੂਰਬ ਵੱਲੋਂ : ਕੁਆਰਟਰ ਨੰ. 10-ਡੀ ਬਹੀ 61"-4", ਦੱਖਣ ਵੱਲੋਂ : ਕੁਆਰਟਰ ਨੰ. 12ਡੀ ਸੁਰੇਸ਼ ਕੁਮਾਰ ਬਹੀ 61"-4", ਪੂਰਬ ਵੱਲੋਂ : ਬੇਜ਼ਾ ਫੈਕਟਰੀ ਬਹੀ 9", ਪੱਛਮ ਵੱਲੋਂ : ਸੜਕ ਬਹੀ 9"।	29/04/2026	05/10/2026	14,93,228 ਰੁਪਏ ਅਤੇ ਉਸ ਉੱਪਰ ਵਿਆਜ।

ਮਿਤੀ : 05.10.2026 ਸਹੀ/-ਅਧਿਕਾਰਤ ਅਫਸਰ

---

pnb punjab national bank ...Together for the better

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ ਲੁਧਿਆਣਾ, ਸਾਈਟ ਨੰ. 5, ਨੇੜੇ ਵੇਵ ਮਾਲ,
ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in
ਟੈਲੀ. :-0161-2888181, 2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6 ਤੇ 9 ਨਾਲ ਪੜ੍ਹੇ ਜਾਂਦੇ ਰੂਲ 9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ (ਜੋ ਵੀ ਲਾਗੂ ਹੋਵੇ) ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 27.10.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 07.10.2026 ਤੋਂ 26.10.2026 ਸਵੇਰੇ 10 ਤੋਂ ਸ਼ਾਮ 5 ਵਜੇ ਤਕ ਹੈ।

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਮੈਸਰਜ਼ ਪੀ. ਐੱਸ. ਬੀ. ਅਲਾਇੰਸ ਪ੍ਰਾ. ਲਿਮ., ਮੁੰਬਈ, ਪੋਰਟਲ ਹੈਲਪਡੈਸਕ ਨੰ. +91 82912 20220 , ਈ-ਮੇਲ ਆਈ. ਡੀ. : support.BAANKNET@psballiance.com , ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਸਿਆਂ ਦਾ ਸ਼ਡਿਊਲ

	ਜਾਇਦਾਦ (ਾਂ) ਦੀ ਆਈ. ਡੀ.	ਡੀਲਿੰਗ ਅਧਿਕਾਰੀ ਦਾ ਨਾਂ	ਸੰਪਰਕ ਨੰ.	ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	ਸਰਫੇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ	ਬਕਾਇਆ ਰਕਮ ਜਿਵੇਂ ਹੈ	ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ	ਈ. ਐੱਮ. ਡੀ.	ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਸ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	PUNB454000103504	ਸੁਖਜੀਤ ਸਿੰਘ	84279 - 79800	ਮੈਸਰਜ਼ ਅਨੁਰਾਗ ਟੈਕਸਟਾਈਲ ਆਪਣੇ ਮਾਲਕ ਅਜੇ ਕੁਮਾਰ ਪੁੱਤਰ ਰਾਮ ਗੋਪਾਲ ਰਾਹੀਂ। ਪਤਾ 1. B-XXIV4131/5/2 ਗਲੀ ਨੰ. 44/1/2, ਗਊਸ਼ਾਲਾ ਰੋਡ, ਨਿਊ ਮਾਧੋਪੁਰੀ, ਲੁਧਿਆਣਾ-141008, ਅਜੇ ਕੁਮਾਰ ਪੁੱਤਰ ਰਾਮ ਗੋਪਾਲ, ਪਤਾ 2. ਮਕਾਨ ਨੰ. 5522, ਰਘੁਬੀਰ ਪਾਰਕ, ਹੈਬੋਵਾਲ ਕਲਾਂ, ਲੁਧਿਆਣਾ-141001., ਗਾਰੰਟਰ : 1) ਸਮੀਰ ਗੁਪਤਾ ਪੁੱਤਰ ਰਾਮ ਗੋਪਾਲ, 2) ਰਾਮ ਗੋਪਾਲ ਪੁੱਤਰ ਗੱਜਰ ਮੱਲ, ਦੋਵੇਂ ਵਾਸੀ ਮਕਾਨ ਨੰ. 5522, ਰਘੁਬੀਰ ਪਾਰਕ, ਹੈਬੋਵਾਲ ਕਲਾਂ, ਲੁਧਿਆਣਾ-141001.	ਜਾਇਦਾਦ ਪਲਾਟ ਜਿਸ ਦਾ ਰਕਬਾ 133.33 ਵਰਗ ਗਜ਼ ਹੈ, ਦੀ ਇਕਵੀਟੇਬਲ ਮਾਰਟਗੇਜ। ਇਸ ਦਾ ਖਸਰਾ ਨੰਬਰ 28//1, ਖਾਤਾ ਨੰਬਰ 1695/1903, ਪੰਨਾ ਨੰਬਰ 1049 ਸਾਲ 2006-2007 ਦੀ ਜਮ੍ਹਾਬੰਦੀ ਅਨੁਸਾਰ ਹੈਬੋਵਾਲ ਕਲਾਂ ਵਿਖੇ ਹੈ। ਇਸ ਦਾ ਹੱਦਬਸਤ ਨੰਬਰ 102 ਹੈ, ਦੁਰਗਾਪੁਰੀ ਵਜੋਂ ਜਾਣਿਆ ਜਾਂਦਾ ਇਲਾਕਾ ਹੈ। ਇਸ ਦਾ ਗਲੀ ਨੰਬਰ 12 ਹੈ। ਇਹ ਜਾਇਦਾਦ ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ, ਜੋ ਕਿ ਇੰਦਰਾ ਗੁਪਤਾ (ਮ੍ਰਿਤਕ) ਦੇ ਨਾਂ 'ਤੇ ਉਸ ਦੇ ਕਾਨੂੰਨੀ ਵਾਰਸਾਂ ਦੁਆਰਾ ਇੰਤਕਾਲ ਰਾਹੀਂ ਵਿਰਾਸਤ ਵਿਚ ਪ੍ਰਾਪਤ ਕੀਤੀ ਗਈ ਹੈ। ਡੀਡ ਨੰਬਰ 11212, ਮਿਤੀ 14.10.2011 ਦੁਆਰਾ ਸਬ ਰਜਿਸਟਰਾਰ ਲੁਧਿਆਣਾ ਕੋਲ ਰਜਿਸਟਰਡ ਹੈ। ਇਹ ਹੇਠ ਲਿਖੇ ਅਨੁਸਾਰ ਘਿਰੀ ਹੋਈ ਹੈ : ਪੂਰਬ : ਪਲਾਟ ਸਾਈਡ 40", ਪੱਛਮ : ਗਲੀ 19 ਫੁੱਟ ਚੌੜੀ ਸਾਈਡ 40", ਉੱਤਰ : ਗਲੀ 19 ਫੁੱਟ ਚੌੜੀ ਸਾਈਡ30", ਦੱਖਣ : ਗੁਆਂਢ ਸਾਈਡ 30"।	23.02.2023	20.02.2023 ਨੂੰ 32,84,155.94 ਰੁਪਏ, ਜਮ੍ਹਾ 21.02.2023 ਤੋਂ ਭਵਿੱਖ ਦਾ ਵਿਆਜ ਤੇ ਹੋਰ ਖਰਚੇ।	17.07.2023	ਸੰਕੇਤਕ ਕਬਜ਼ਾ	Rs. 31,11,000/-	Rs. 3,11,100/-	Rs. 50,000/-	ਨੋਟ : (1) ਇਕ ਸਿਵਲ ਮੁਕੱਦਮਾ ਸੀ.ਐੱਸ. 2330/2020 'ਕੁਲਦੀਪ ਰਾਏ ਬਨਾਮ ਰਾਮ ਗੋਪਾਲ ਅਤੇ ਹੋਰ' 5.03.2026 ਲਈ ਮਾਣਯੋਗ ਸਿਵਲ ਜੱਜ (ਜੂਨੀਅਰ ਡਵੀਜ਼ਨ) ਲੁਧਿਆਣਾ ਦੇ ਸਾਹਮਣੇ ਵਿਚਾਰ ਅਧੀਨ ਹੈ।
2.	PUNB4540001044	ਨੀਰਜ ਸ਼ਰਮਾ	8091777699	1) ਮੈਸਰਜ਼ ਅਰਕੇਡੀਆ ਵੂਲਨ ਮਿਲਜ਼ ਪ੍ਰਾਈਵੇਟ ਲਿਮਟਿਡ, 9, ਪਹਿਲੀ ਮੰਜ਼ਿਲ, ਫਸਟ ਮਾਲ, ਮਾਲ ਰੋਡ, ਲੁਧਿਆਣਾ-141001। ਦੂਜਾ ਪਤਾ: 522, ਅਮੀਰ ਕਚਹਿਰੀ ਮੁਹੱਲਾ, ਪਚਰੰਗਾ ਬਾਜ਼ਾਰ, ਪਾਨੀਪਤ-132103, 2) ਸ਼੍ਰੀ ਵਿਨੈ ਮਲਹੋਤਰਾ ਸਪੁੱਤਰ ਸ਼੍ਰੀ ਬੀਰ ਪ੍ਰਕਾਸ਼ ਮਲਹੋਤਰਾ, ਬੀ-19, 504, ਦਸੌਂਧਾ ਸਿੰਘ ਰੋਡ, ਸਾਹਾਰਾ ਹਸਪਤਾਲ ਦੇ ਸਾਹਮਣੇ, ਸਿਵਲ ਲਾਈਨਜ਼, ਲੁਧਿਆਣਾ-141001, ਦੂਜਾ ਪਤਾ: ਬੀ-XXXV-3400/3ਏ, ਪੰਚਸ਼ੀਲ ਵਿਹਾਰ, ਮਾਂਗਟ ਰਿਜ਼ੋਰਟਸ ਦੇ ਪਿੱਛੇ, ਪਿੰਡ ਬਾਰੇਵਾਲ ਅਵਾਨਾ, ਫ਼ਿਰੋਜ਼ਪੁਰ ਰੋਡ, ਲੁਧਿਆਣਾ-141001, 3) ਸ਼੍ਰੀਮਤੀ ਮਨੀ ਬਾਂਬੀ ਸਪੁੱਤਰੀ ਸ਼੍ਰੀ ਬੀਰ ਪ੍ਰਕਾਸ਼, ਪਤਾ : ਮਕਾਨ ਨੰਬਰ 31ਬੀ, ਊਧਮ ਸਿੰਘ ਨਗਰ, ਲੁਧਿਆਣਾ, ਪੰਜਾਬ-141001	ਰਿਹਾਇਸ਼ੀ ਮਕਾਨ ਜਿਸ ਦਾ ਐੱਮ. ਸੀ. ਨੰਬਰ ਬੀ-XIX-504 ਹੈ ਅਤੇ ਪੈਮਾਇਸ਼ 305 ਵਰਗ ਗਜ਼ ਹੈ। ਇਹ ਸਾਲ 2008-09 ਦੀ ਜਮ੍ਹਾਬੰਦੀ ਅਨੁਸਾਰ ਇਸ ਦਾ ਖ਼ਸਰਾ ਨੰਬਰ 1384/582-583/431 ਹੈ ਇਸ ਦਾ ਖਾਤਾ ਨੰਬਰ 185/215 ਹੈ ਅਤੇ ਖ਼ਸਰਾ ਨੰਬਰ 1386/1203/661-662/432-433 ਹੈ। ਇਸ ਦਾ ਖਾਤਾ ਨੰਬਰ 192/226 ਹੈ। ਇਹ ਪਿੰਡ ਤਰਫ ਗਹਿਲੇਵਾਲ, ਹੱਦਬਸਤ ਨੰਬਰ 166, ਇਲਾਕਾ ਦਸੌਂਧਾ ਸਿੰਘ ਰੋਡ, ਤਹਿਸੀਲ ਅਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਹ ਜਾਇਦਾਦ ਸਬ-ਰਜਿਸਟਰਾਰ ਲੁਧਿਆਣਾ (ਪੂਰਬ) ਦੇ ਦਫ਼ਤਰ ਵਿਖੇ ਬਾਕਾਇਦਾ ਰਜਿਸਟਰਡ ਹੈ ਇਸ ਦਾ ਗਿਫਟ ਡੀਡ ਵਸੀਕਾ ਨੰਬਰ 9066 ਮਿਤੀ 26.07.2016 ਹੈ ਇਹ ਸ਼੍ਰੀ ਵਿਨੈ ਮਲਹੋਤਰਾ ਸਪੁੱਤਰ ਸ਼੍ਰੀ ਬੀਰ ਪ੍ਰਕਾਸ਼ ਮਲਹੋਤਰਾ ਸਪੁੱਤਰ ਸ਼੍ਰੀ ਬਲਦੇਵ ਰਾਜ ਦੇ ਨਾਮ 'ਤੇ ਰਜਿਸਟਰਡ ਹੈ। ਹੱਦਬੰਦੀ ਦਾ ਵੇਰਵਾ ਪੂਰਬ: ਸੜਕ ਦੀ ਪੈਮਾਇਸ਼ 35', ਪੱਛਮ: ਗੁਆਂਢੀ ਪੈਮਾਇਸ਼ 35', ਉੱਤਰ: ਗੁਆਂਢੀ ਪੈਮਾਇਸ਼ 78'-6" , ਦੱਖਣ: ਗੁਆਂਢੀ ਪੈਮਾਇਸ਼ 78'-6"	28-10-2019	5,18,44,779.00 ਰੁਪਏ ਮਿਤੀ 30-06-2019 ਤੱਕ, ਸਮੇਤ ਭਵਿੱਖ ਦਾ ਵਿਆਜ ਮਿਤੀ 01-07-2019 ਤੋਂ ਲਾਗੂ ਅਤੇ ਹੋਰ ਖ਼ਰਚੇ	29.01.2021	ਭੌਤਿਕ ਕਬਜ਼ਾ	Rs. 3,25,00,000/-	Rs. 32,50,000/-	Rs. 2,00,000/-	ਐੱਸ.ਏ./85/2026 ਡੀ.ਆਰ.ਟੀ. III ਚੰਡੀਗੜ੍ਹ ਵਿਖੇ ਵਿਚਾਰ ਅਧੀਨ ਹੈ।
3.	PUNB454000103478	ਸੁਖਜੀਤ ਸਿੰਘ	84279 - 79800	(1) ਰਾਜੀਵ ਅਗਰਵਾਲ ਉਰਫ਼ ਰਾਜੀਵ ਅਗਰਵਾਲ ਪੁੱਤਰ ਰਤਨ ਚੰਦ, (ੳ) ਮਕਾਨ ਨੰਬਰ 23, 41ਬੀ ਕਾਰਪੋਰੇਸ਼ਨ ਹਾਊਸ, ਲੁਧਿਆਣਾ, (ਅ) ਮਕਾਨ ਨੰਬਰ 73, ਐੱਮ. ਸੀ. ਨੰਬਰ BXIX-2/1A ਕਲੱਬ ਰੋਡ, ਲੁਧਿਆਣਾ, (2) ਪੂਨਮ ਅਗਰਵਾਲ (ਸਵਰਗੀ) ਆਪਣੇ ਕਾਨੂੰਨੀ ਵਾਰਸਾਂ ਰਾਹੀਂ : (ੳ) ਰਾਜੀਵ ਅਗਰਵਾਲ ਉਰਫ਼ ਰਾਜੀਵ ਅਗਰਵਾਲ ਪੁੱਤਰ ਰਤਨ ਚੰਦ (ਪਤੀ), (ਅ) ਰਚਿਤ ਅਗਰਵਾਲ ਪੁੱਤਰ ਰਾਜੀਵ ਅਗਰਵਾਲ (ਪੁੱਤਰ), (ੲ) ਸਾਹਿਲ ਅਗਰਵਾਲ ਪੁੱਤਰ ਰਾਜੀਵ ਅਗਰਵਾਲ (ਪੁੱਤਰ) ਸਾਰੇ ਵਾਸੀ (ੳ) ਮਕਾਨ ਨੰਬਰ 23, 41ਬੀ ਕਾਰਪੋਰੇਸ਼ਨ ਹਾਊਸ, ਲੁਧਿਆਣਾ, (ਅ) ਮਕਾਨ ਨੰਬਰ 73, ਐੱਮ. ਸੀ. ਨੰਬਰ BXIX-2/1A ਕਲੱਬ ਰੋਡ, ਲੁਧਿਆਣਾ, (3) ਸਾਹਿਲ ਅਗਰਵਾਲ ਪੁੱਤਰ ਰਾਜੀਵ ਅਗਰਵਾਲ, (ੳ) ਮਕਾਨ ਨੰਬਰ 23, 41ਬੀ ਕਾਰਪੋਰੇਸ਼ਨ ਹਾਊਸ, ਲੁਧਿਆਣਾ, (ਅ) ਮਕਾਨ ਨੰਬਰ 73, ਐੱਮ. ਸੀ. ਨੰਬਰ BXIX-2/1A ਕਲੱਬ ਰੋਡ, ਲੁਧਿਆਣਾ।	ਰਿਹਾਇਸ਼ੀ ਜਾਇਦਾਦ ਦਾ ਸਾਰਾ ਹਿੱਸਾ, ਜਿਸ ਦਾ ਕੁੱਲ ਰਕਬਾ 502.70 ਵਰਗ ਗਜ਼ ਹੈ। ਇਸ ਦਾ ਐੱਮ. ਸੀ. ਨੰਬਰ BXIX-2/1A, ਪਲਾਟ ਨੰਬਰ 73 ਹੈ। ਇਹ ਜਾਇਦਾਦ ਕਲੱਬ ਰੋਡ, ਲੁਧਿਆਣਾ ਵਿਖੇ ਸਥਿਤ ਹੈ ਅਤੇ ਰਾਜੀਵ ਅਗਰਵਾਲ ਪੁੱਤਰ ਰਤਨ ਚੰਦ ਦੇ ਨਾਂ 'ਤੇ ਰਜਿਸਟਰਡ ਮਾਰਟਗੇਜ ਡੀਡ ਨੰਬਰ 14410 ਮਿਤੀ 05.03.2003 ਰਾਹੀਂ ਦਰਜ ਹੈ। ਹੱਦਬੰਦੀ—ਪੂਰਬ : ਰੇਲਵੇ ਕਾਲੋਨੀ 104', ਪੱਛਮ : ਸਤੀਸ਼ ਅਗਰਵਾਲ (86-6', ਉੱਤਰ : ਸੜਕ-31', ਦੱਖਣ : ਗੁਆਂਢ-64'।	03.04.2012	37,04,827 ਰੁਪਏ ਦਾ ਹਾਊਸਿੰਗ ਲੋਨ ਅਤੇ 16,75,605 ਰੁਪਏ ਦਾ ਐਜੂਕੇਸ਼ਨ ਲੋਨ (ਦੋਵੇਂ 31.03.2012 ਨੂੰ) 01.03.2012 ਤੇ 24.03.2012 ਤੋਂ ਅਗਲੇ ਵਿਆਜ ਸਮੇਤ ਮਨਫ਼ੀ ਵਸੂਲੀ (ਜੇ ਕੋਈ ਹੋਵੇ)।	29.08.2014	ਭੌਤਿਕ ਕਬਜ਼ਾ	Rs. 2,45,00,000/-	Rs. 24,50,000/-	Rs. 1,00,000/-	ਇਹ ਵਿਕਰੀ ਕਿਸੇ ਵੀ ਲੰਬਿਤ ਕਾਰਵਾਈ ਦੇ ਅਧੀਨ ਹੋਵੇਗੀ, ਜਿਸ ਵਿਚ ਡੈਬਟਸ ਰਿਕਵਰੀ ਟ੍ਰਿਬਿਊਨਲ ਦੇ ਸਾਹਮਣੇ ਕੋਈ ਵੀ ਸਕਿਓਰਟਾਈਜ਼ੇਸ਼ਨ ਐਪਲੀਕੇਸ਼ਨ (ਜੇਕਰ ਕੋਈ ਹੋਵੇ) ਸ਼ਾਮਲ ਹੈ। ਸੰਭਾਵਤ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਦੇ ਟਾਈਟਲ, ਭਾਰਾਂ, ਕਬਜ਼ੇ ਦੀ ਸਥਿਤੀ, ਵਿਧਾਨਕ ਬਕਾਏ ਅਤੇ ਚੱਲ ਰਹੀ ਮੁਕੱਦਮੇਬਾਜ਼ੀ ਦੇ ਸਬੰਧ ਵਿਚ ਆਪਣੇ ਪੱਧਰ 'ਤੇ ਸੁਤੰਤਰ ਜਾਂਚ ਜ਼ਰੂਰ ਕਰ ਲੈਣ।
4.	PUNB45400010332	ਰਾਹੁਲ ਵਰਮਾ	90005 - 30309	(1) ਮੈਸਰਜ਼ ਸਾਰੰਗ ਇੰਟਰਨੈਸ਼ਨਲ (ਪਾਰਟਨਰਜ਼ ਰੋਹਿਤ ਮਲਹੋਤਰਾ ਤੇ ਨਵੀਨ ਮਲਹੋਤਰਾ ਰਾਹੀਂ), ਕਪਿਲ ਪਾਰਕ, ਵਾਈ-ਬਲਾਕ ਚੌਕ, ਸਾਹਮਣੇ ਰਿਸ਼ੀ ਨਗਰ, ਹੰਬੜਾਂ ਰੋਡ, ਲੁਧਿਆਣਾ-141001, (2) ਨਵੀਨ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141001, (3) ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ/ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008, (4) ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ (ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008.	(1) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਸਰਾ ਨੰ. 7//13/1, 7//8/2, ਖਾਤਾ ਨੰ. 222/232, 223/233 ਵਾਲੀ ਜਾਇਦਾਦ। ਸਾਲ 2009-2010 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 77 ਮਿਤੀ 05.04.2011 ਰਾਹੀਂ ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ ਨਾਲ ਸਬੰਧਤ ਹੈ (230 ਵਰਗ ਗਜ਼ ਦੇ ਕੁਲ ਰਕਬੇ 'ਚੋਂ 115 ਵਰਗ ਗਜ਼ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨੂੰ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਵੇਚਿਆ ਗਿਆ ਹੈ, ਜੋ ਸਬ-ਰਜਿਸਟ੍ਰਾਰ, ਵੈਸਟ ਲੁਧਿਆਣਾ ਦੇ ਦਫਤਰ 'ਚ ਰਜਿਸਟਰਡ ਹੈ)। (2) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਾਤਾ ਨੰ. 222/232, 223/233 ਵਾਲੀ ਜਾਇਦਾਦ। ਸਾਲ 2009-2010 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨਾਲ ਸਬੰਧਤ ਹੈ। 230 ਵਰਗ ਗਜ਼ ਦੀ ਕੁਲ ਪੈਮਾਇਸ਼ ਵਾਲੀ ਜਾਇਦਾਦ ਦੀ ਹੱਦਬੰਦੀ—ਪੂਰਬ : ਗਲੀ 16'-06 ਚੌੜੀ-ਪੈਮਾਇਸ਼ 36'-0", ਪੱਛਮ : ਡਾ. ਪੱਬੀ ਪੈਮਾਇਸ਼ 36'-0", ਉੱਤਰ : ਓਮ ਪ੍ਰਕਾਸ਼ ਪੈਮਾਇਸ਼ 57'-6", ਦੱਖਣ : ਗੁਆਂਢ ਪੈਮਾਇਸ਼ 57'-6"।	15.01.2020	2,64,49,997 ਰੁਪਏ ਮਿਤੀ 30.12.2019 ਤਕ ਚਾਰਜ ਹੋਏ ਵਿਆਜ ਸਮੇਤ ਜਮ੍ਹਾ 01.12.2019 ਤੋਂ ਅਗਲਾ ਵਿਆਜ ਮਨਫ਼ੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ।	15.09.2020	ਭੌਤਿਕ ਕਬਜ਼ਾ	Rs. 89,00,000/-	Rs. 8,90,000/-	Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
5.	PUNB45400010221	ਸੁਖਜੀਤ ਸਿੰਘ	84279 - 79800	ਸਹਿਯੋਗ ਇੰਟਰਨੈਸ਼ਨਲ ਰਜਿਸਟਰਡ ਦਫਤਰ, ਪਲਾਟ ਨੰ. ਐੱਫ.-3, ਫੇਜ਼-VII, ਫੋਕਲ ਪੁਆਇੰਟ, ਲੁਧਿਆਣਾ-141010, ਪੰਜਾਬ (ਭਾਰਤ) ਇਸ ਦੇ ਮਾਲਕ ਰਾਜੀਵ ਮਲਹੋਤਰਾ ਪੁੱਤਰ ਸਰਦਾਰੀ ਲਾਲ ਮਲਹੋਤਰਾ ਰਾਹੀਂ। ਪਤਾ-1 : ਮਕਾਨ ਨੰ. 1638 ਯੂ., ਚੰਡੀਗੜ੍ਹ ਰੋਡ, ਸੈਕਟਰ-39, ਵਾਰਡ ਨੰ. 15, ਗੁਰੂ ਰਾਮ ਦਾਸ ਕਾਲੋਨੀ, ਲੁਧਿਆਣਾ, ਪੰਜਾਬ-141010, ਪਤਾ-2 : ਕਿਊਟ ਏਂਜਲ ਕਾਨਵੈਂਟ ਸਕੂਲ, ਗਲੀ ਨੰ. 2, ਪਰਮਜੀਤ ਕਾਲੋਨੀ, ਨੇੜੇ ਫੋਰਟਿਸ ਹਸਪਤਾਲ, ਵਾਕਿਆ ਮੁੰਡੀਆਂ ਖੁਰਦ, ਚੰਡੀਗੜ੍ਹ ਰੋਡ ਤੋਂ ਅੰਦਰੂਨੀ ਸੜਕਾਂ, ਤਹਿਸੀਲ ਤੇ ਜ਼ਿਲਾ ਲੁਧਿਆਣਾ, ਪਤਾ-3 : ਪ੍ਰਾਪਰਟੀ ਨੰ. 617-18, ਜੋ ਪਿੰਡ ਭੋਲਾਪੁਰ, ਆਬਾਦੀ ਫਰੈਂਡਜ਼ ਕਾਲੋਨੀ, ਪਿੰਡ ਤੇ ਡਾਕਖਾਨਾ ਰਾਮਗੜ੍ਹ, ਚੰਡੀਗੜ੍ਹ ਰੋਡ, ਤਹਿਸੀਲ ਤੇ ਜ਼ਿਲਾ ਲੁਧਿਆਣਾ, ਪਿਨ 141010 ਦੀ ਰੈਵੇਨਿਊ ਅਸਟੇਟ 'ਚ ਸਥਿਤ ਹੈ ਅਤੇ ਰੀਟਾ ਮਲਹੋਤਰਾ ਪਤਨੀ ਰਾਜੀਵ ਮਲਹੋਤਰਾ, ਪ੍ਰਾਪਰਟੀ ਨੰ. 617-18, ਜੋ ਪਿੰਡ ਭੋਲਾਪੁਰ, ਆਬਾਦੀ ਫਰੈਂਡਜ਼ ਕਾਲੋਨੀ, ਪਿੰਡ ਤੇ ਡਾਕਖਾਨਾ ਰਾਮਗੜ੍ਹ, ਚੰਡੀਗੜ੍ਹ ਰੋਡ, ਤਹਿਸੀਲ ਤੇ ਜ਼ਿਲਾ ਲੁਧਿਆਣਾ, ਪਿਨ 141010 ਦੀ ਰੈਵੇਨਿਊ ਅਸਟੇਟ 'ਚ ਸਥਿਤ ਹੈ।	ਜ਼ਮੀਨ 'ਚੋਂ 400 ਵਰਗ ਗਜ਼ ਦੀ ਪੈਮਾਇਸ਼ ਵਾਲੀ ਅਚੱਲ ਜਾਇਦਾਦ, ਜਿਸ ਦਾ ਖਾਤਾ ਨੰ. 92/116, 96/120, ਖਸਰਾ ਨੰ. 22//10, 22//23 ਹੈ। ਸਾਲ 2001-2002 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਪਿੰਡ ਮੁੰਡੀਆਂ ਖੁਰਦ, ਐੱਚ. ਬੀ. ਨੰ. 240, ਤਹਿਸੀਲ ਤੇ ਜ਼ਿਲਾ ਲੁਧਿਆਣਾ ਦੀ ਰੈਵੇਨਿਊ ਅਸਟੇਟ 'ਚ ਰਾਜੀਵ ਮਲਹੋਤਰਾ ਪੁੱਤਰ ਸਰਦਾਰੀ ਲਾਲ ਮਲਹੋਤਰਾ ਦੀ ਮਲਕੀਅਤ ਹੈ।	07.07.2021	ਰੁਪਏ 2,55,03,240.89 ਮਿਤੀ 01.07.2021 ਨੂੰ 02.07.2021 ਤੋਂ ਭਵਿੱਖ ਦੇ ਵਿਆਜ ਸਮੇਤ ਅਤੇ ਹੋਰ ਚਾਰਜਿਜ਼।	21.11.2021	ਸੰਕੇਤਕ ਕਬਜ਼ਾ	Rs. 37,00,000/-	Rs. 3,70,000/-	Rs. 50,000/-	ਉਕਤ ਜਾਇਦਾਦ ਸਕੂਲ ਦੀ ਇਮਾਰਤ ਦਾ ਹਿੱਸਾ ਹੈ।
6.	Property- 1: PUNB835205221	ਰਾਹੁਲ ਵਰਮਾ	90005 - 30309	ਮੈਸਰਜ਼ ਸਟਾਰ ਵਾਈਨਸ, 3073, ਗੁਰਦੇਵ ਨਗਰ, ਲੁਧਿਆਣਾ, ਜਗਦੀਸ਼ ਸਿੰਘ ਗਰਚਾ, ਮ. ਨੰ. 658, ਗੁਰਦੇਵ ਨਗਰ, ਪੱਖੋਵਾਲ ਰੋਡ, ਲੁਧਿਆਣਾ, ਤਕਦੀਰ ਸਿੰਘ ਪੁੱਤਰ ਪਰਮਿੰਦਰ ਸਿੰਘ, ਪਿੰਡ ਤੇ ਡਾਕਖਾਨਾ ਬਾਰੇਵਾਲ ਅਵਾਨਾ, ਲੁਧਿਆਣਾ, ਹਰਜਿੰਦਰ ਸਿੰਘ ਗਰਚਾ, ਮ. ਨੰ. 658, ਗੁਰਦੇਵ ਨਗਰ, ਪੱਖੋਵਾਲ ਰੋਡ, ਲੁਧਿਆਣਾ, ਸੁਖਜਿੰਦਰ ਸਿੰਘ ਪੁੱਤਰ ਨਿਰਮਲ ਸਿੰਘ, 10-ਏ., ਨਿਊ ਰਾਜਗੁਰੂ ਨਗਰ, ਡਾਕਖਾਨਾ ਥਰੀਕੇ, ਲੁਧਿਆਣਾ, ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ, 160-ਏ., ਸਰਾਭਾ ਨਗਰ, ਲੁਧਿਆਣਾ, ਗੁਰਸੇਵਕ ਸਿੰਘ, 68, ਨਿਊ ਰਾਜਗੁਰੂ ਨਗਰ, ਲੁਧਿਆਣਾ, ਪਰਮਿੰਦਰ ਸਿੰਘ ਗਿੱਲ ਪੁੱਤਰ ਭਗਵੰਤ ਸਿੰਘ ਗਿੱਲ, ਮ. ਨੰ. 89, ਪਿੰਡ ਬਾਰੇਵਾਲ ਅਵਾਨਾ, ਲੁਧਿਆਣਾ।	ਲਾਟ-1 : 186.66 ਵਰਗ ਗਜ਼ ਦੀ ਪੈਮਾਇਸ਼ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਜੋ ਪਲਾਟ ਨੰ. 47-48 (ਐੱਸ. ਸੀ. ਓ. 47-48), ਜੀ. ਕੇ. ਮਾਲ ਵਿਖੇ ਸਥਿਤ ਹੈ। ਇਸ ਦੇ ਖਸਰਾ ਨੰ. 4//24-13//4-5-6/1-7/1-7/2-14-8/1-6/2-15-16-25-27-14//1/2-10/2-1 1/2-21/2-1/1-20/2-10/3-11/1-20/3-21/1, ਖਾਤਾ ਨੰ. 820/923-924 ਹਨ। ਸਾਲ 1998-99 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਪਿੰਡ ਜਵੱਦੀ, ਐੱਚ. ਬੀ. ਨੰ. 160, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 20700 ਮਿਤੀ 14.12.2004 ਤੇ ਤਾਰਿਮਾਨਾਮਾ 3952 ਮਿਤੀ 07.06.2011 ਅਨੁਸਾਰ ਜਗਦੀਸ਼ ਸਿੰਘ ਪੁੱਤਰ ਕੇਹਰ ਸਿੰਘ ਦੇ ਨਾਂ ਤੇ ਰਜਿਸਟਰਡ ਹੈ।	08.09.2017	18,48,65,342 ਰੁਪਏ ਮਿਤੀ 31.08.2017 ਜਮ੍ਹਾ ਅਗਲਾ ਵਿਆਜ ਤੇ ਚਾਰਜਿਜ਼ ਮਨਫ਼ੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ।	06.04.2018	ਸੰਕੇਤਕ ਕਬਜ਼ਾ	Rs. 3,35,00,000/-	Rs. 33,50,000/-	Rs. 2,00,000/-	ਪ੍ਰਾਪਰਟੀ ਮੈਸਰਜ਼ ਰਾਇਲ ਵਾਈਨਸ (ਪਾਰਟਨਰ ਸ਼੍ਰੀ ਹਰਪ੍ਰੀਤ ਸਿੰਘ), ਮੈਸਰਜ਼ ਸਟਾਰ ਵਾਈਨਸ (ਪਾਰਟਨਰ ਜਗਦੀਸ਼ ਸਿੰਘ ਗਰਚਾ) ਵੱਲ ਐਕਸਾਈਜ਼ ਵਿਭਾਗ ਦੇ ਪਿਛਲੇ ਬਕਾਇਆਂ ਲਈ ਮਿਤੀ 09.12.2022 ਦੇ ਕੋਰਟ ਆਰਡਰ ਰਾਹੀਂ ਐਕਸਾਈਜ਼ ਵਿਭਾਗ ਵੱਲੋਂ ਅਟੈਚਮੈਂਟ ਅਧੀਨ ਹੈ।
	Property- 2: PUNB835205821				ਲਾਟ-2 : 168 ਵਰਗ ਗਜ਼ ਦੀ ਪੈਮਾਇਸ਼ ਵਾਲੇ ਪਲਾਟ ਨੰ. 14-ਜ਼ੈੱਡ ਦਾ ਸਾਰਾ ਹਿੱਸਾ, ਜਿਸ ਦਾ ਖਸਰਾ ਨੰ. 1598, ਖਾਤਾ ਨੰ. 440/544 ਹੈ। ਸਾਲ 2009-10 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਵਾਕਿਆ ਪਿੰਡ ਦਾਦ, ਐੱਚ. ਬੀ. ਨੰ. 279, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 7585 ਮਿਤੀ 11.11.2013 ਅਨੁਸਾਰ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ।			06.04.2018	ਸੰਕੇਤਕ ਕਬਜ਼ਾ	Rs. 25,00,000/-	Rs. 2,50,000/-	Rs. 50,000/-	
	Property- 3: PUNB835205721				ਲਾਟ-3 : 168 ਵਰਗ ਗਜ਼ ਦੀ ਪੈਮਾਇਸ਼ ਵਾਲੇ ਪਲਾਟ ਨੰ. 15-ਜ਼ੈੱਡ ਦਾ ਸਾਰਾ ਹਿੱਸਾ, ਜਿਸ ਦਾ ਖਸਰਾ ਨੰ. 1598, ਖਾਤਾ ਨੰ. 440/544 ਹੈ। ਸਾਲ 2009-10 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਵਾਕਿਆ ਪਿੰਡ ਦਾਦ, ਐੱਚ. ਬੀ. ਨੰ. 279, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 7588 ਮਿਤੀ 11.11.2013 ਅਨੁਸਾਰ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ।			06.04.2018	ਸੰਕੇਤਕ ਕਬਜ਼ਾ	Rs. 25,00,000/-	Rs. 2,50,000/-	Rs. 50,000/-	
7.	PUNB14Y65780965	ਨੀਰਜ ਸ਼ਰਮਾ	80917-77699	1. ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਚੇਤ ਸਿੰਘ, ਪਿੰਡ ਭਮਾਦੀ, ਤਹਿਸੀਲ ਖੰਨਾ, ਜ਼ਿਲਾ ਲੁਧਿਆਣਾ, ਪੰਜਾਬ-141001.	ਪਲਾਟ ਨੰਬਰ 9, ਪੈਮਾਇਸ਼ 6 ਮਰਲੇ 6 ਸਰਸਾਹੀ, ਹੱਦਬਸਤ ਨੰਬਰ 180, ਜਿਸ ਵਿਚ ਖੇਵਟ ਨੰਬਰ 100/92, ਖਤੌਨੀ ਨੰਬਰ 113, ਖਸਰਾ ਨੰਬਰ 7//6/4 (0-19), 7//15/3 (4-4), 7//33 (0-17) ਵਿਚੋਂ ਕੁੱਲ ਜ਼ਮੀਨ 6 ਕਨਾਲ-0 ਮਰਲੇ ਵਿਚੋਂ 1/160 ਹਿੱਸਾ ਭਾਵ 2 ਮਰਲੇ ਜ਼ਮੀਨ; ਅਤੇ ਖੇਵਟ ਨੰਬਰ 101/93, ਖਤੌਨੀ ਨੰਬਰ 114, ਖਸਰਾ ਨੰਬਰ 6//20 (7-4) ਵਿਚੋਂ ਕੁੱਲ ਜ਼ਮੀਨ 7 ਕਨਾਲ-4 ਮਰਲੇ ਵਿਚੋਂ 11/648 ਹਿੱਸਾ ਭਾਵ 2 ਮਰਲੇ 4 ਸਰਸਾਹੀ ਜ਼ਮੀਨ ; ਅਤੇ ਖੇਵਟ ਨੰਬਰ 415/388, ਖਤੌਨੀ ਨੰਬਰ 523, ਖਸਰਾ ਨੰਬਰ 6//21 (6-8) ਵਿਚੋਂ ਕੁੱਲ ਜ਼ਮੀਨ 6 ਕਨਾਲ-8 ਮਰਲੇ ਵਿਚੋਂ 5/288 ਹਿੱਸਾ ਭਾਵ 2 ਮਰਲੇ 2 ਸਰਸਾਹੀ ਜ਼ਮੀਨ ਸ਼ਾਮਲ ਹੈ; ਜੋ ਕਿ ਪਿੰਡ ਕੋਟਲਾ ਨਿਹੰਗ, ਤਹਿਸੀਲ ਤੇ ਜ਼ਿਲਾ ਰੂਪਨਗਰ (ਰੋਪੜ) ਵਿਖੇ ਸਥਿਤ ਹੈ (ਹੁਣ ਇਹ ਖੇਤਰ ਪਲਾਟ ਨੰਬਰ 9, ਆਸਰਾ ਕਾਲੋਨੀ ਵਿਚ ਆਉਂਦਾ ਹੈ, ਜਿਸ ਦਾ ਰਜਿਸਟਰਡ ਵਸੀਕਾ ਨੰਬਰ 2024-25/35/1/3123 ਮਿਤੀ 22/11/2024 ਹੈ, ਜੋ ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਚੇਤ ਸਿੰਘ ਦੇ ਨਾਂ 'ਤੇ ਸਬ-ਰਜਿਸਟ੍ਰਾਰ ਰੂਪਨਗਰ ਦੇ ਦਫ਼ਤਰ ਵਿਖੇ ਬਾਕਾਇਦਾ ਰਜਿਸਟਰਡ ਹੈ)। **ਨੋਟ : ਅਚੱਲ ਜਾਇਦਾਦ ਭਾਵ ਪਲਾਟ ਦੀ ਜ਼ਮੀਨ ਦੀ ਮੌਕੇ 'ਤੇ ਹੱਦਬੰਦੀ ਨਹੀਂ ਕੀਤੀ ਗਈ ਅਤੇ ਉਪਰੋਕਤ ਸੇਲ ਡੀਡ ਵਿਚ ਹੱਦਾਂ ਦਾ ਜ਼ਿਕਰ ਨਹੀਂ ਹੈ।)**	15-10-2025	22,00,579.72 ਰੁਪਏ 30.09.2025 ਨੂੰ ਜਮ੍ਹਾ 30.09.2025 ਤੋਂ ਅਗਲਾ ਵਿਆਜ ਤੇ ਹੋਰ ਚਾਰਜਿਜ਼।	03-02-2026	ਸੰਕੇਤਕ ਕਬਜ਼ਾ	Rs. 20,50,000/-	Rs. 2,05,000/-	Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ।

ਨਿਯਮ ਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਇਨ੍ਹਾਂ ਸ਼ਰਤਾਂ ਮੁਤਾਬਕ ਵੀ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਥੇ ਹੈ' ਅਤੇ 'ਜੋ ਹੈ ਜਿਥੇ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਫਸਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਫਸਰ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://BAANKNET.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.10.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ। 6. ਇਹ ਵਿਕਰੀ ਡੈਬਟਸ ਰਿਕਵਰੀ ਟ੍ਰਿਬਿਊਨਲ ਦੇ ਸਨਮੁੱਖ ਕਿਸੇ ਵੀ ਬਕਾਇਆ ਕਾਰਵਾਈ, ਜਿਸ ਵਿਚ ਕੋਈ ਵੀ ਸਕਿਓਰਟਾਈਜ਼ੇਸ਼ਨ ਅਰਜ਼ੀ (ਜੇ ਕੋਈ ਹੋਵੇ) ਸ਼ਾਮਲ ਹੈ, ਦੇ ਅਧੀਨ ਹੋਵੇਗੀ। ਸੰਭਾਵਤ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮਾਲਕੀ, ਭਾਰ, ਕਬਜ਼ੇ ਦੀ ਸਥਿਤੀ, ਵਾਧੂ ਸਰਕਾਰੀ ਬਕਾਏ ਅਤੇ ਚੱਲ ਰਹੇ ਮੁਕੱਦਮਿਆਂ (ਜੇ ਕੋਈ ਹੋਣ) ਬਾਰੇ ਸੁਤੰਤਰ ਤੌਰ 'ਤੇ ਪੜਤਾਲ ਕਰ ਲੈਣ।

ਸਰਫੇਸੀ ਐਕਟ 2002 ਦੇ ਰੂਲ 9(1) ਅਧੀਨ ਵਿਧਾਨਕ ਵਿਕਰੀ ਨੋਟਿਸ

ਮਿਤੀ : 06.10.2026 ਸਥਾਨ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)